FOR IMMEDIATE RELEASE CITY OF SURREY

# MEDIA RELEASE

## ਸਰੀ ਸ਼ਹਿਰ 15 ਮਾਰਚ ਨੂੰ ਬੀਸੀ ਜੂਨੋਸ (BC JUNOS) ਪਲਾਜ਼ਾ ਪਾਰਟੀ ਦੀ ਮੇਜ਼ਬਾਨੀ ਕਰੇਗਾ

### ਇੱਕ-ਰੋਜ਼ਾ ਸੰਗੀਤ ਫ਼ੈਸਟੀਵਲ, ਜਿਸ 'ਚ ਕੈਨੇਡਾ ਅਤੇ ਸਰੀ ਦੇ ਕੁੱਝ ਚੋਟੀ ਦੇ ਸੰਗੀਤਕਾਰਾਂ ਨੂੰ ਸੁਣਨ ਦਾ ਮੌਕਾ ਮਿਲੇਗਾ

*ਤੁਰੰਤ ਰਿਲੀਜ਼ : 30 ਜਨਵਰੀ, 2025*

**ਸਰੀ, ਬੀ.ਸੀ.** – ਸਰੀ ਸਿਟੀ 15 ਮਾਰਚ, ਸ਼ਨੀਵਾਰ ਨੂੰ ਦੁਪਹਿਰ 2 ਵਜੇ ਤੋਂ ਰਾਤ 10 ਵਜੇ ਤੱਕ ਸਰੀ ਸਿਵਿਕ ਪਲਾਜ਼ਾ ਵਿੱਚ "ਲੇਟਸ ਹਿਅਰ ਇਟ ਬੀਸੀ ਜੂਨੋਸ ਪਲਾਜ਼ਾ ਪਾਰਟੀ"(*Let's Hear it BC JUNOS Plaza Party*) ਦਾ ਆਯੋਜਨ ਕਰੇਗਾ। ਇਹ 30 ਮਾਰਚ ਨੂੰ ਵੈਨਕੂਵਰ ਵਿੱਚ ਹੋਣ ਵਾਲੇ ਜੂਨੋ ਅਵਾਰਡਾਂ ਤੋਂ ਪਹਿਲਾਂ ਬੀਸੀ ਦੇ 6 ਸ਼ਹਿਰਾਂ ਦੇ ਜੂਨੋ ਟੂਰ ਦਾ ਹਿੱਸਾ ਹੋਵੇਗਾ। ਇਸ ਮੁਫ਼ਤ ਸੰਗੀਤ ਮੇਲੇ ਵਿੱਚ 30 ਤੋਂ ਵੱਧ ਕਲਾਕਾਰਾਂ ਨੂੰ ਛੇ ਵੱਖ-ਵੱਖ ਸਟੇਜਾਂ 'ਤੇ ਪੇਸ਼ ਕੀਤਾ ਜਾਵੇਗਾ ਤੇ ਜਿਸ ਵਿੱਚ ਪਰਿਵਾਰਿਕ ਗਤੀਵਿਧੀਆਂ, ਸਥਾਨਕ ਸੰਗੀਤ ਸੰਸਥਾਵਾਂ, ਪ੍ਰਦਰਸ਼ਕ ਅਤੇ ਫੂਡ ਟਰੱਕ ਆਦਿ ਸ਼ਾਮਲ ਹੋਣਗੇ।

*ਮੇਅਰ ਬਰੇਂਡਾ ਲੌਕ ਨੇ ਕਿਹਾ, "ਮੈਂ ਸਰੀ ਵਿੱਚ 'ਲੇਟਸ ਹਿਅਰ ਇਟ ਬੀਸੀ ਜੂਨੋਸ ਪਲਾਜ਼ਾ ਪਾਰਟੀ' ਦਾ ਐਲਾਨ ਕਰਕੇ ਬਹੁਤ ਉਤਸ਼ਾਹਿਤ ਹਾਂ। ਸਰੀ ਤੇਜ਼ੀ ਨਾਲ ਆਪਣੇ ਆਪ ਨੂੰ ਕੈਨੇਡਾ ਦੇ ਸੰਗੀਤ ਸ਼ਹਿਰ ਵਜੋਂ ਸਥਾਪਤ ਕਰ ਰਿਹਾ ਹੈ ਅਤੇ ਇਸ ਕਲਾ ਦੇ ਪ੍ਰਗਟਾਵੇ ਲਈ ਇੱਕ ਗਤੀਸ਼ੀਲ ਵਾਤਾਵਰਨ ਬਣਾਉਣ ਲਈ ਅਸੀਂ ਵਚਨਬੱਧ ਹਾਂ"। "ਸਾਨੂੰ ਮਾਣ ਹੈ ਕਿ ਸਰੀ ਦਾ ਨੌਜਵਾਨ, ਖ਼ੁਸ਼ਹਾਲ ਅਤੇ ਵਿਭਿੰਨ ਭਾਈਚਾਰਾ ਆਪਣੀ ਕਲਾ, ਸੱਭਿਆਚਾਰ ਅਤੇ ਸੰਗੀਤ ਨੂੰ ਅੱਗੇ ਵਧਾ ਰਿਹਾ ਹੈ। ਮੈਂ ਖ਼ੁਸ਼ ਹਾਂ ਕਿ ਇਸ ਪ੍ਰੋਗਰਾਮ ਵਿੱਚ ਪੰਜਾਬੀ ਸੰਗੀਤ ਅਤੇ ਸੱਭਿਆਚਾਰ ਨੂੰ ਵਿਸ਼ੇਸ਼ ਤੋਰ ਤੇ ਉਭਾਰਿਆ ਜਾ ਰਿਹਾ ਹੈ, ਜੋ ਸਰੀ ਦੀ ਅਮੀਰ ਸੱਭਿਆਚਾਰਕ ਵਿਭਿੰਨਤਾ ਨੂੰ ਦਰਸਾਉਂਦਾ ਹੈ। ਜੂਨੋਸ ਪਲਾਜ਼ਾ ਪਾਰਟੀ ਵਿਸ਼ਵ ਪੱਧਰੀ ਸੰਗੀਤ ਸਮਾਗਮਾਂ ਲਈ ਇੱਕ ਪ੍ਰਮੁੱਖ ਮੰਜ਼ਿਲ ਵਜੋਂ ਸਾਡੇ ਭਾਈਚਾਰੇ ਦੀ ਵੱਧ ਰਹੀ ਸਾਖ ਨੂੰ ਦਰਸਾਉਂਦੀ ਹੈ, ਅਤੇ ਅਸੀਂ ਸਾਰਿਆਂ ਨੂੰ ਕੈਨੇਡੀਅਨ ਸੰਗੀਤ ਦੇ ਇਸ ਮੰਜ਼ਰ ਦਾ ਅਨੁਭਵ ਕਰਨ ਲਈ ਸੱਦਾ ਦਿੰਦੇ ਹਾਂ"।*

"ਬੀਸੀ ਜੂਨੋਸ ਪਲਾਜ਼ਾ ਪਾਰਟੀ" ਸਰੀ ਵਿੱਚ ਜੂਨੋ ਦੀਆਂ ਭਾਵਨਾਵਾਂ ਨੂੰ ਸੰਗੀਤ, ਖਾਣੇ ਅਤੇ ਸੱਭਿਆਚਾਰ ਦੇ ਦਿਨ ਭਰ ਚੱਲਣ ਵਾਲੇ ਤਿਉਹਾਰ ਦੇ ਰੂਪ ਵਿੱਚ ਲਿਆਏਗੀ। ਪ੍ਰੋਗਰਾਮ ਵਿੱਚ ਮੁੱਖ ਸਟੇਜ ਦੇ ਨਾਲ ਸਾਊਥ ਏਸ਼ੀਆਈ ਡੀਜੇ, 5X ਆਰਟ ਪਾਰਟੀ, ਕਮਿਊਨਿਟੀ ਸਟੇਜ, ਅਤੇ ਸਥਾਨਕ ਸੰਗੀਤਕਾਰ ਸਰੀ ਸਿਵਿਕ ਪਲਾਜ਼ਾ, ਸਿਟੀ ਸੈਂਟਰ ਲਾਇਬ੍ਰੇਰੀ, ਅਤੇ ਸਿਵਿਕ ਹੋਟਲ ਦੇ ਡੋਮੀਨੀਅਨ ਰੈਸਟੋਰੈਂਟ ਵਿੱਚ ਪ੍ਰਦਰਸ਼ਨ ਕਰਨਗੇ। ਮੁੱਖ ਕਲਾਕਾਰਾਂ ਦੀ ਘੋਸ਼ਣਾ ਫਰਵਰੀ ਵਿੱਚ ਕੀਤੀ ਜਾਵੇਗੀ।

"ਜੂਨੋ ਟੂਰ ਤੁਹਾਡੇ ਜੱਦੀ ਸ਼ਹਿਰ, ਸਰੀ ਦੇ ਦਿਲ ਵਿੱਚ ਜੂਨੋਸ ਦੀ ਭਾਵਨਾ ਲਿਆਉਣ ਅਤੇ ਸਾਡੇ ਸੂਬੇ ਦੇ ਸਾਰੇ ਕੋਨਿਆਂ ਵਿੱਚ ਪ੍ਰਫੁੱਲਤ ਹੋ ਰਹੇ ਹੁਨਰ ਨੂੰ ਉਭਾਰਨ ਬਾਰੇ ਹੈ। ਵੈਨਕੂਵਰ ਜੂਨੋ ਹੋਸਟ ਕਮੇਟੀ ਦੇ ਕੋ-ਚੇਅਰ ਨੈਟ ਸਬੀਨ ਨੇ ਕਿਹਾ, "ਉੱਭਰ ਰਹੇ ਤੋਂ ਲੈ ਕੇ ਤਜਰਬੇਕਾਰ ਕਲਾਕਾਰਾਂ ਤੱਕ, ਅਸੀਂ ਉਨ੍ਹਾਂ ਦੀਆਂ ਕਹਾਣੀਆਂ ਅਤੇ ਆਵਾਜ਼ਾਂ ਨੂੰ ਸਟੇਜ 'ਤੇ ਲਿਆ ਰਹੇ ਹਾਂ ਤਾਂ ਜੋ ਹਰ ਕੋਈ ਅਨੰਦ ਲੈ ਸਕੇ। "ਸਰੀ ਲੰਬੇ ਸਮੇਂ ਤੋਂ, ਖ਼ਾਸ ਕਰਕੇ ਦੱਖਣੀ ਏਸ਼ੀਆਈ ਸੰਗੀਤ ਦਾ ਇੱਕ ਕੇਂਦਰ ਬਿੰਦੂ ਰਿਹਾ ਹੈ, ਜੋ ਇਸ ਟੂਰ ਨੂੰ ਕੁਦਰਤੀ ਤੌਰ ਇੱਥੇ ਸੱਦਣ ਲਈ ਮਜਬੂਰ ਕਰਦਾ ਸੀ, ਖ਼ਾਸਕਰ ਉਸ ਸਾਲ ਜਦੋਂ ਜੂਨੋ ਨੇ ਸਾਊਥ ਏਸ਼ੀਅਨ ਮਿਊਜ਼ਿਕ ਰਿਕਾਰਡਿੰਗ ਆਫ਼ ਦਾ ਯੀਅਰ ਕੈਟਾਗਰੀ ਨੂੰ ਸ਼ਾਮਲ ਕੀਤਾ ਹੈ। ਇਸ ਪ੍ਰੋਗਰਾਮ ਦਾ ਮਕਸਦ ਸਿਰਫ਼ ਸੰਗੀਤ ਹੀ ਨਹੀਂ, ਸਗੋਂ ਭਾਈਚਾਰਿਕ ਜਸ਼ਨ, ਸੱਭਿਆਚਾਰ ਅਤੇ ਰਚਨਾਤਮਿਕ ਜਜ਼ਬਿਆਂ ਨੂੰ ਮਨਾਉਣਾ ਹੈ, ਜੋ ਸਾਡੇ ਸੂਬੇ ਨੂੰ ਹੋਰ ਵੀ ਖ਼ਾਸ ਬਣਾਉਂਦਾ ਹੈ"।

BC JUNOS ਪਲਾਜ਼ਾ ਪਾਰਟੀ ਵਸਨੀਕਾਂ ਨੂੰ ਮੁਫ਼ਤ ਵਿਚ ਜੂਨੋ ਦਾ ਅਨੁਭਵ ਕਰਨ ਲਈ ਇੱਕ ਵਿਲੱਖਣ ਮੌਕਾ ਪ੍ਰਦਾਨ ਕਰਦੀ ਹੈ । ਵਧੇਰੇ ਜਾਣਕਾਰੀ ਵਾਸਤੇ surrey.ca/junosplazaparty ਤੇ ਜਾਵੋ ।

-30-

**ਮੀਡੀਆ ਇਨਕੁਆਰੀ :**

ਪ੍ਰਭਜੋਤ ਕਾਹਲੋਂ
ਮਲਟੀਕਲਚਰਲ ਮੀਡੀਆ ਰੀਲੈਸ਼ਨ ਲੀਡ
ਸਿਟੀ ਆਫ਼ ਸਰੀ
prabhjot.kahlon@surrey.ca
C :236-878-6263